# ਸਾਹਿਤਕ ਕੋਲਾਜ:ਇੱਕ ਮੁੱਲਾਂਕਣ

ਪ੍ਰੋ.ਨਵਰੂਪ ਕੌਰ
ਮੁਖੀ ਪੰਜਾਬੀ ਵਿਭਾਗ
ਹੰਸ ਰਾਜ ਮਹਿਲਾ ਮਹਾ ਵਿਦਿਆਲਿਆ
ਜਲਧੰਰ।

ਸਾਹਿਤਕ ਕੋਲਾਜ ਡਾ.ਦਵਿੰਦਰ ਕੌਰ(ਯੂ.ਕੇ) ਦੀ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਅਰਪਿੱਤ ਇੱਕ ਅਜਿਹੀ ਸਮੀਖਿਆ ਪੁਸਤਕ ਹੈ ਜੋ ਪੰਜਾਬੀ ਸਾਹਿਤ ਦੇ ਖਜ਼ਾਨੇ ਨੂੰ ਭਰਨ ਵਿੱਚ ਕੀਤਾ ਗਿਆ ਇੱਕ ਲਾ-ਮਿਸਾਲ ਯਤਨ ਹੈ।

ਕੋਲਾਜ ਤੋਂ ਭਾਵ ਹੈ ਕਈ ਚਿੱਤਰਾਂ ਨੂੰ ਇਕੱਠਾ ਕਰਕੇ ਬਣਾਇਆ ਗਿਆ ਇੱਕ ਬਿਹਤਰੀਨ ਕਲਾ ਚਿੱਤਰ, ਸਾਹਿਤਕ ਕੋਲਾਜ ਤੋਂ ਭਾਵ ਹੈ ਕਿ ਬਿਹਤਰੀਨ ਸਾਹਿਤਕ ਰੂਪਾਂ ਦਾ ਬਣਾਇਆ ਗਿਆ ਇੱਕ ਅਜਿਹਾ ਕਲਾਮਈ ਰੂਪ ਜੋ ਇੱਕੋ ਵੇਲੇ ਵੱਖੋ-ਵੱਖ ਸਾਹਿਤਕ ਰੰਗਾਂ ਨਾਲ ਸਜਾਇਆ ਹੋਵੇ।

ਪੰਜਾਬੀ ਸਾਹਿਤ ਦੀ ਕੈਨਵਸ ਤੇ ਸਾਹਿਤ,
ਸੱਭਿਆਚਾਰ ਤੇ ਪੰਜਾਬੀ ਪਰਵਾਸ ਨਾਲ ਜੁੜੇ
ਅਹਿਮ ਮਸਲਿਆ ਨੂੰ ਡਾ.ਦਵਿੰਦਰ ਨੇ ਬਾਖੂਬੀ
ਇੱਕ ਸਾਹਿਤਕ ਕੋਲਾਜ ਦਾ ਰੂਪ ਦਿੱਤਾ ਹੈ।

ਪੰਨਾ-17 ਉਪਰ ਪੁਸਤਕ ਦੀ ਭੂਮਿਕਾ ਵਜੋਂ ਲਿਖੇ ਸਵਾਗਤੀ ਸ਼ਬਦ "ਸਾਹਿਤ-ਚਿੰਤਨ ਦੇ ਪ੍ਰਮਾਣਿਕ ਹਸਤਾਖਰ" ਵਿੱਚ ਪ੍ਰੋ.ਮਨਜੀਤ ਸਿੰਘ ਲਿਖਦੇ ਹਨ...

"ਇਸ ਪੁਸਤਕ 'ਚੋਂ ਉਭਰਨ ਵਾਲੇ ਚਿੰਤਨ ਦੇ ਸਥਾਪਿਤ ਹੋਏ ਮਿਆਰਾਂ ਨੂੰ ਵੇਖਦਿਆਂ ਇਸ ਦੋ ਦਿਲ ਦੀਆਂ ਡੂੰਘਾਣਾਂ ਤੋਂ ਸਵਾਗਤ ਕਰਨਾ ਬਣਦਾ ਹੈ,ਇਸੇ ਲਈ ਮੈਂ ਇਸ ਸਮੀਖਿਆ ਪੁਸਤਕ ਨੂੰ ਸਾਹਿਤ ਚਿੰਤਨ ਦੇ ਪ੍ਰਮਾਣਿਕ ਹਸਤਾਖਰ ਕਹਿਣਾ ਠੀਕ ਸਮਝਿਆ ਹੈ। "(1)

ਡਾ.ਦਵਿੰਦਰ ਕੌਰ ਇੱਕ ਬਹੁਤ ਹੀ ਸੰਵੇਦਨਸ਼ੀਲ ਕਵਿਤਰੀ ਹੋਣ ਦੇ ਨਾਲ-ਨਾਲ ਚੇਤੰਨ ਆਲੋਚਕ ਅਤੇ ਮੈਟਾ-ਆਲੋਚਕ ਵੀ ਹਨ। ਮਿੱਥ,ਵਿਸ਼ਵੀਕਰਨ ਤੇ ਸਾਹਿਤ;ਪਰਾ ਸਮੀਖਿਆ ਲੇਖ ਇਸ ਪੁਸਤਕ ਵਿੱਚ ਸ਼ਾਮਿਲ ਮੈਟਾ ਆਲੋਚਨਾ ਦੀ ਹੀ ਉਦਾਹਰਨ ਹੈ।

ਪੰਜਾਬੀ ਸਾਹਿਤ ਵਿੱਚ ਆਪਣਾ ਵਿਸ਼ੇਸ਼ ਮੁਕਾਮ ਬਣਾਉਣ ਪਿੱਛੇ ਉਹਨਾਂ ਦੀ ਅਣਥੱਕ ਮਿਹਨਤ,ਸਿਰੜ ਤੇ ਪੰਜਾਬੀ ਮਾਂ ਬੋਲੀ ਦਾ ਪਿਆਰ ਹੈ।ਲੋਕ ਪਰਵਾਸੀ ਕਵਿੱਤਰੀ ਕਹਿੰਦੇ ਹਨ ਪਰ ਮੇਰੀ ਨਜ਼ਰ ਵਿੱਚ ਉਹ ਆਪਣੀ ਤੇ ਪਰਾਈ ਧਰਤੀ ਦੀ ਪਰਿਕਰਮਾ ਕਰਦੀ ਅਜਿਹੀ ਸ਼ਖ਼ਸੀਅਤ ਹੈ।

ਜਿਸ ਤੇ ਸਮੁੱਚੇ ਪੰਜਾਬੀ ਸਾਹਿਤ ਨੂੰ ਮਾਣ ਹੈ।ਡਾ.ਹਰਿਭਜਨ ਸਿੰਘ ਭਾਟੀਆ ਦੇ ਅਨੁਸਾਰ,

"ਲਫ਼ਜਾਂ ਵਿੱਚ ਸਾਹਸੱਤ ਨਵੀਂ ਚਮਕ ਭਰ ਕੇ ਉਹਨਾਂ ਨੂੰ ਜੀਵੰਤ ਰੂਪ ਦੇਣਾ ਅਤੇ ਦੂਸਰਿਆਂ ਦੁਆਰਾ ਸ਼ਾਇਰੀ ਦੇ ਰੂਪ ਵਿੱਚ ਸਿਰਜੇ ਲਫ਼ਜਾਂ ਦੇ ਆਰ-ਪਾਰ ਉਤਰ ਜਾਣ ਦੀ ਦੋਹਰੀ ਯੋਗਤਾ ਉਸ ਪਾਸ ਮੌਜੂਦ ਹੈ।"(2)

1983 ਤੋਂ ਲੈ ਕੇ ਹੁਣ ਤੱਕ ਇੱਕ ਦਰਜਨ ਸਮੀਖਿਆ ਪੁਸਤਕਾਂ ਅਤੇ ਅੱਧ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।ਸੋ ਕਹਿਣ ਤੋਂ ਭਾਵ ਇਹ ਹੈ ਡਾ.ਦਵਿੰਦਰ ਕੌਰ ਸਾਹਿਤ ਸਾਧਨਾ  ਪੱਖੋਂ ਸਿਰਜਣਾ ਤੇ ਸਮੀਖਿਆ ਦੇ ਦੋਵਾਂ ਖੇਤਰਾਂ ਵਿੱਚ ਲਗਭਗ ਨਾਲੋ-ਨਾਲ ਸਮਾਨ ਰੂਪ ਵਿੱਚ ਹੀ ਕਾਰਜਸ਼ੀਲ ਹੈ।

ਸਾਹਿਤਕ ਕੋਲਾਜ ਵਿੱਚ 27 ਸਮੀਖਿਆ ਨਿਬੰਧ ਸ਼ਾਮਿਲ ਕੀਤੇ ਗਏ ਹਨ। ਜਿਨ੍ਹਾ ਵਿੱਚ ਸਾਹਿਤਕ ਕੋਲਾਜ ਦੇ ਵੱਖ-ਵੱਖ ਰੰਗ ਮਾਂ ਬੋਲੀ,ਵਿਰਸੇ ਨਾਲ,ਪਰਵਾਸ ਨਾਲ ਸੰਬੰਧਿਤ ,ਸਾਹਿਤ ਨਾਲ ਸੰਬੰਧਿਤ (ਕਵਿਤਾ,ਕਹਾਣੀ,ਨਾਵਲ,ਰੇਖਾ-ਚਿੱਤਰ,ਰੂ-ਬ-ਰੂ,ਪੱਤਰਕਾਰੀ,ਨਾਟਕ,ਵਿਅੰਗਕਾਰੀ ,ਨਾਰੀ ਕਾਵਿ ,ਵਿਸ਼ਵੀਕਰਨ,ਸਵੈ-ਜੀਵਨੀ)ਸੰਸਥਾਵਾਂ ਦਾ ਯੋਗਦਾਨ ਆਦਿ।

- ਕੁਝ ਨਿਬੰਧ ਜੋ ਵਿਅਕਤੀ ਚਿੱਤਰ ਦੇ ਰੂਪ ਵਿੱਚ ਪੇਸ਼ ਹੋਏ ਹਨ ਜਿਵੇਂ ਕਿ "ਸ਼ੇਰ ਜੰਗ ਜਾਂਗਲੀ:ਮੇਰੀ ਨਜ਼ਰ ਤੋਂ", "ਸੂਬਾ ਸਿੰਘ: ਇੱਕ ਬਹੁਪੱਖੀ ਲੇਖਕ", "'ਹੁਣ' ਦਾ ਮੋਹਨਜੀਤ", ਸ਼ਾਇਰ ਹਰਬਖਸ਼ ਮਕਸੂਦ ਪੁਰੀ: ਮੇਰੀ ਨਜ਼ਰ ਵਿੱਚ", "ਬਸ ਏਦਾਂ ਦਾ ਹੀ ਹੈ ਹਰਜੀਤ" ਆਦਿ ਵਿੱਚ ਸੰਬੰਧਿਤ ਲੇਖਕਾਂ ਦੀਆਂ ਸ਼ਖਸੀਅਤਾਂ ਦੀਆਂ ਪਰਤਾਂ ਫਰੋਲਣ ਵੱਲ ਰੁਚਿਤ ਡਾ.ਦਵਿੰਦਰ ਦੀਆਂ ਅਜਿਹੀਆਂ ਰਚਨਾਵਾਂ ਹਨ ਜੋ ਇੱਕ ਝਰਨੇ ਵਾਂਗ ਵਹਿੰਦੀਆਂ ਕੂਲੀਆਂ ਧਾਰਾਂ ਦਾ ਅਹਿਸਾਸ ਕਰਾਉਦੀਆਂ ਹਨ ਕਿਉਕਿ ਸੰਵਾਦ, ਮੋਨੋਲਾਗ ,ਬਿਰਤਾਂਤ ਦੀ ਵਿਧੀ ਅਪਣਾ ਕੇ ਡਾ.ਦਵਿੰਦਰ ਲਿਖਤ ਦੇ ਪ੍ਰਵਾਹ ਨੂੰ ਰੌਚਕ ਬਣਾ ਕੇ ਪੇਸ਼ ਕਰਦੀ ਹੈ।

- ਕਈ ਥਾਈ ਨਿਰਸੰਕੋਚ ਲੇਖਿਕਾ ਇਹਨਾਂ ਦੀਆਂ ਰਾਵਾਂ ਨੂੰ ਅੰਕਿਤ ਕਰਦੀ ਹੈ ਤੇ ਅਜਿਹਾ ਕਰਨਾ ਲੇਖਿਕਾ ਦੀ ਕਲਮ ਦੀ ਸ਼ਕਤੀ ਦਾ ਸੂਚਕ ਹੈ ਕਿ ਉਹ ਸੱਚ ਦਾ ਪੱਲਾ ਫੜਦਿਆਂ ਕਿਸੇ ਤਰਾਂ ਦਾ ਡਰ ਭੈ ਮਨ ਚ ਨਹੀਂ ਰੱਖਦੀ ।

- ਇਨਾਮ ਮਾਫੀਆ,ਗੈਂਗਸਟਰਇਜ਼ਮ ਲਫਜ਼ ਵਿਸ਼ੇਸ਼ ਧਿਆਨ ਖਿੱਚਦੇ ਹਨ।ਇਸ ਦੀ ਇਕ ਉਦਾਹਰਨ ਜਿਵੇਂ:-

"ਪਿਛਲੇ 10 ਸਾਲਾਂ ਦਾ ਇਨਾਮਾਂ ਦਾ ਇਤਿਹਾਸ ਕੱਢ ਕੇ ਵੇਖ ਲਵੋ,ਇਨ੍ਹਾਂ ਵਿਚੋਂ ਕੋਈ ਇਕ ਜਾਂ ਦੋ ਇਨਾਮ ਸਹੀ ਹੋਣਗੇ ,ਬਾਕੀ ਸਾਰਾ,ਇਨਾਮ-ਮਾਫ਼ੀਆ ਕੰਮ ਕਰਦਾ ਨਜ਼ਰ ਆਉਂਦਾ ਹੈ।'ਕੋਈ ਨਾ ਲੈਣਾ ਚਾਹੇਗਾ?ਕਹਿੰਦਾ ਇਹੀ ਮਾਫ਼ੀਆ,ਜਿਸ ਨੂੰ ਮੈਂ 'ਗੈਂਗਸਟਰਇਜ਼ਮ' ਕਿਹਾ ਹੈ,ਜਿਸ ਦਾ ਸਰਦਾਰ ,ਡਾ.ਸੁਤਿੰਦਰ ਸਿੰਘ ਨੂਰ ਸੀ।ਇਸ ਮਾਫ਼ੀਏ ਵਿਚ,ਕਈ ਉਨ੍ਹਾਂ ਲੋਕਾਂ ਨੂੰ ਮੰਨਿਆ ਜਾਂਦਾ ਹੈ,ਜਿਹੜੇ ਅਸਲ ਵਿਚ ਹੁੰਦੇ ਨਹੀਂ।ਮਨ ਵਿਚ ਖ਼ਿਆਲ ਆਉਂਦਾ ਹੈ,ਜਿਹੜੇ ਲੋਕੀਂ ਇਨ੍ਹਾਂ ਨੂੰ ਵੱਡਾ ਮੰਨਦੇ ਨੇ,ਉਹ ਆਪ ਅੰਦਰੋਂ ਕਿੰਨੇ ਖੋਖਲੇ ਹੋਣਗੇ?"

-  ਪੁਸਤਕ ਦੇ ਕੁਝ ਨਿਬੰਧ ਹਾਸ-ਵਿਅੰਗਕਾਰੀ ਨਾਲ ਸੰਬੰਧਿਤ ਹਨ।“ਈਸ਼ਰ ਸਿੰਘ ਈਸ਼ਰ ਦੀ ਵਿਅੰਗਕਾਰੀ” , “ਗੁਰਦੇਵ ਸਿੰਘ ਮਾਨ ਦੀ ਹਾਸ- ਵਿਅੰਗਕਾਰੀ” , “ਸੂਬਾ ਸਿੰਘ ਬਹੁਪੱਖੀ ਲੇਖਕ” , “ਸ਼ੇਰ ਸਿੰਘ ਜਾਂਗਲੀ,ਮੇਰੀ ਨਜ਼ਰ ਤੋਂ” ਆਦਿ ਲੇਖਾਂ ਵਿੱਚ ਹਾਸ ਵਿਅੰਗਕਾਰਾਂ ਦੀਆਂ ਲਿਖਤਾਂ ਦਾ ਲੇਖਾ ਜੋਖਾ ਕਰਦੀ ਹੋਈ ਸਾਹਿਤ ਵਿੱਚ ਇਹਨਾਂ ਦਾ ਕੀ ਸਥਾਨ ਹੈ ਨੂੰ ਵੀ ਲੇਖਿਕਾ ਨਿਸਚਿਤ ਕਰਦੀ ਹੈ।

- ਡਾ.ਦਵਿੰਦਰ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਹ ਕਿਸੇ ਵੀ ਰਚਨਾਂ ਨੂੰ ਖੰਡਾਂ ਵਿੱਚ ਵੰਡ ਕੇ ਨਹੀਂ ਸਗੋਂ ਇਕਾਗਰਤਾ ਵਿੱਚ ਗ੍ਰਹਿਣ ਕਰਦੀ ਹੈ,ਤੱਤਾਂ ਦੇ ਆਪਸੀ ਸੰਬੰਧਾ ਦਾ ਅਧਿਐਨ ਕਰਦੀ ਹੈ,ਉਹ ਰੂਪ ਵਿਗਿਆਨ ਦੀ ਦ੍ਰਿਸ਼ਟੀ ਤੋਂ ਅਧਿਐਨ ਪਰਸਤੁਤ ਕਰਦੀ ਹੋਈ ਵਸਤੂ ਅਤੇ ਰੂਪ ਦੀ ਅਦਵੈਤ ਪਛਾਨਣ ਦਾ ਯਤਨ ਕਰਦੀ ਹੈ।

- । ਡਾ.ਮਨਜੀਤ ਸਿੰਘ ਇਸ ਪੁਸਤਕ ਦੀ ਭੂਮਿਕਾ (ਪੰਨਾ–13) ਵਿੱਚ ਲਿਖਦੇ ਹਨ ,
- “ਉਸ ਵਿੱਚੋਂ ‘ਦਿੱਲੀ ਸਕੂਲ’ ਦੀਆਂ ਚਿੰਤਨੀ ਧੁਨਾਂ ਅਕਸਰ ਸੁਣਾਈ ਦਿੰਦੀਆਂ ਹਨ,ਇਹ ਸਿਲਸਿਲਾ ਉਸ ਦੀ ਚਰਚਾ ਅਧੀਨ ਪੁਸਤਕ ਵਿੱਚ ਵੀ ਨਿਰੰਤਰ ਜਾਰੀ ਰਹਿੰਦਾ ਹੈ। ”

- ਉਹ ਭਾਵੇਂ ਕਿਸੇ ਵੀ ਵਿਸ਼ੇ ਤੇ ਕਲਮ ਚਲਾਵੇ ਜਿਵੇਂ ਕਿ ‘ਪੰਜਾਬੀ ਪ੍ਰਗੀਤ ਦਾ ਇਤਿਹਾਸਕ ਪਰਿਪੇਖ ‘ਮਿੱਥ ਵਿਸ਼ਵੀਕਰਨ ਅਤੇ ਸਾਹਿਤ’,ਪਰਾ ਸਮੀਖਿਆ ,ਪਾਠ-ਸਿਧਾਂਤ ਤੇ ਪਾਠਕੀ ਪਰਵਚਨ’ਉਸ ਦੀ ਵਿਧੀ ‘ਦਿੱਲੀ ਸਕੂਲ ਦੇ ਚਿੰਤਨ ਤੋਂ ਪ੍ਰੇਰਿਤ ,ਸਾਫ ਨਜ਼ਰ ਆਉਦੀ ਹੈ।

- "ਪੰਜਾਬੀ ਪ੍ਰਗੀਤ ਦਾ ਇਤਿਹਾਸਕ ਪਰਿਪੇਖ" ਵਿੱਚ (ਪੰਨਾ-24-25) ਲੇਖਿਕਾ ਨੇ ਬਹੁਤ ਹੀ ਸਪੱਸ਼ਟ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ ਕਿ,

  "ਸੰਸਾਰ ਦੇ ਪ੍ਰਸਿੱਧ ਚਿੰਤਕ ਨਾਰਥੋ ਫਰਾਈ ਦਾ ਕਹਿਣਾ ਹੈ ਕਿ ਕਾਵਿ ਸੰਸਾਰ ਪ੍ਰਮੁੱਖ ਤੌਰ ਤੇ ਤਿੰਨ ਕਾਵਿ-ਰੂਪਾਕਾਰਾਂ ਨਾਲ ਸੰਬੰਧਿਤ ਹੈ, 'ਬਿਰਤਾਂਤ,ਨਾਟਕ,ਪ੍ਰਗੀਤ'।"

- ਗੀਤ ਤੇ ਪ੍ਰਗੀਤ ਵਿਚਲਾ ਅੰਤਰ ਵੀ ਲੇਖਿਕਾ ਨੇ ਬਾਖੂਬੀ ਪ੍ਰਸਤੁਤ ਕੀਤਾ ਹੈ,ਕਹਿਣ ਤੋਂ ਭਾਵ ਹੈ ਕਿ ਜਿਹੜੇ ਸਵਾਲ ਪਾਠ ਅਧਿਐਨ ਕਰਦਿਆਂ ਪਾਠਕ ਦੇ ਮਨ ਵਿੱਚ ਬਣਦੇ ਹਨ ਉਹ ਉਸੇ ਨਿਰੰਤਰਤਾ ਵਿੱਚ ਉਹਨਾਂ ਸਵਾਲਾਂ ਦੀਆਂ ਗੁੰਝਲਾ ਖੋਲਦੀ ਸਹਿਜੇ-ਸਹਿਜੇ ਪਾਠ ਦੇ ਅਟੁਟ ਪ੍ਰਵਾਹ ਨਾਲ ਸਭ ਨੂੰ ਜੋੜ ਲੈਂਦੀ ਹੈ ਤੇ ਪਾਠਕ ਅਨੰਦਿਤ ਜਿਹਾ ਮਹਿਸੂਸ ਕਰਦਾ ਹੈ ਜਿਵੇਂ ਕਿ ਰੂਹ ਤਸੱਲੀ ਵਿੱਚ ਆ ਗਈ ਹੋਵੇ ।

- ਮੇਰੀ ਜਾਚੇ ਅਜਿਹਾ ਇਸ ਕਰਕੇ ਹੈ ਕਿਉਕਿ ਲੇਖਿਕਾ ਇਕੋ ਵੇਲੇ ਸਿਰਜਣਾ ਅਤੇ ਸਮੀਖਿਆ ਦਾ ਸਮਤੋਲ ਬਣਾਈ ਰੱਖਣ ਵਿੱਚ ਮਾਹਿਰ ਹੈ।ਵਿਰਲਿਆਂ ਕੋਲ ਹੀ ਅਜਿਹੀ ਖੂਬੀ ਹੁੰਦੀ ਹੈ।ਵਿਸ਼ਾ,ਰੂਪ ਸ਼ੈਲੀ,ਇਤਿਹਾਸ ਮਿਥਿਹਾਸ ਸਭ ਨੂੰ ਨਾਲੋ-ਨਾਲ ਤੋਰਦੀ ਰਚਨਾ ਦੀ ਤਹਿ ਤੱਕ ਪਹੁੰਚ ਕਰਦੀ ਪੂਰਾ ਸਾਰ-ਤੱਤ ਸਾਹਮਣੇ ਰੱਖਦੀ ਹੈ।

- ਲੇਖਿਕਾ ਸਿਰਫ ਵਿਸ਼ਿਆਂ ਨੂੰ ਬਿਆਨਦੀ ਹੀ ਨਹੀਂ ਸਗੋਂ ਪਾਠਕਾਂ ਲਈ ਸਵਾਲ ਵੀ ਖੜੇ ਕਰਦੀ ਹੈ। ਪੰਜਾਬੀ ਵਿਰਸਾ:ਗਲੋਬਲੀ ਪਰਿਪੇਖ (ਪੰਨਾ-46)ਵਿੱਚ ਉਹ ਲਿਖਦੀ ਹੈ ਕਿ
- "ਸਾਹਿਤ ਨੂੰ ਤਾਂ ਪਤਾ ਹੀ ਹੈ ਕਿ ਕੀ ਹੋ ਰਿਹਾ ਹੈ।ਰਾਜਨੀਤਿਕ ਲੀਡਰ ਇਸ ਬਾਰੇ ਕੀ ਸੋਚਦੇ ਹਨ।ਇਹ ਸਵਾਲ ਅਜੇ ਵੀ ਬਣਿਆ ਹੋਇਆ ਹੈ।"

- ਮੱਧਕਾਲ ਦਾ ਪੰਜਾਬੀ ਸਾਹਿਤ ਆਪਣੇ ਸਮੇਂ ਦੇ ਰੂਹਾਨੀ ਗਿਆਨ ਦਾ ਅਤੇ ਮਨੁੱਖੀ ਕਦਰਾਂ ਕੀਮਤਾਂ ਦਾ ਸੁਨਹਿਰੀ ਕਾਲ ਹੈ।ਜੋ ਅੱਜ ਵੀ ਪੰਜਾਬੀ ਸਾਹਿਤ ਦੀ 'ਆਧਾਰ ਸੰਰਚਨਾ' ਮੰਨਿਆ ਜਾ ਸਕਦਾ ਹੈ।ਪੁਸਤਕ ਵਿੱਚਲੇ ਲੇਖ 'ਗਲੋਬਲੀ ਪਰਿਪੇਖ'ਵਿੱਚ ਗੁਰੁ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ'ਇਸ ਪੁਸਤਕ ਦਾ ਸਭ ਤੋਂ ਪ੍ਰਭਾਵਸ਼ਾਲੀ ਲੇਖ ਹੈ।

- ਲੇਖਿਕਾ ਗੁਲੋਬਲੀ ਪਰਿਪੇਖ ਅਤੇ ਗਲੋਬਲਾਈਜੇਸ਼ਨ ਦੀਆਂ ਸਾਜਿਸ਼ਾਂ ਤੋਂ ਭਲੀ-ਭਾਂਤ ਜਾਣੂ ਹੈ।ਗੁਰਬਾਣੀ ਸਾਸ਼ਤਰ ਵੀ ਹੈ ਤੇ ਸਿਰਜਣਾ ਵੀ ।ਇਸ ਦਾ ਆਪਣਾ ਨਿਵੇਕਲਾ ਵਿਲੱਖਣ ਗਿਆਨ ਸ਼ਾਸਤਰ ਹੈ।ਗੁਰਬਾਣੀ ਆਪਣੇ ਅਤੀਤ-ਕਾਲੀਨ ਧਾਰਮਿਕ ਅਧਿਆਤਮਕ ਵਿਰਸੇ ਅਤੇ ਤੱਤ-ਕਾਲੀਨ ਸਮਾਜ-ਸਭਿਆਚਾਰਕ,ਰਾਜਨੀਤਿਕ ਤੇ ਅਧਿਆਤਮਕ ਸਥਿਤੀਆਂ ਪ੍ਰਸਥਿਤੀਆਂ ਨੂੰ 'ਚਿਹਨੀਕਰਨ'ਦੀ ਪ੍ਰਕਿਰਿਆ ਵਿੱਚ ਪਾ ਕੇ ਆਪਣਾ ਨਿਵੇਕਲਾ ਚਿਹਨ-ਸ਼ਾਸਤਰ ਸਿਰਜਦੀ ਨਵੇਂ ਅਰਥਾਂ ਦਾ ਉਤਪਾਦਨ ਕਰਦੀ ਹੈ।ਇਹ ਅਰਥ ਵਿਸ਼ਵ ਵਿਆਪੀ ਹਨ ।ਸੋ ਡਾ. ਦਵਿੰਦਰ ਨੇ ਸਾਹਿਤ ਦੀ ਰੂਹਾਨੀਅਤ ਨੂੰ ਬਹੁਤ ਸੁਲਝੇ ਢੰਗ ਨਾਲ ਪੇਸ਼ ਕੀਤਾ ਹੈ।

- ਕੁਝ ਲੇਖ ਜਿਵੇਂ ਕਿ “ਸਭ ਤੋਂ ਵੱਡੀ ਥੇਹ ਨੂੰ ਪੜ੍ਹਦਿਆਂ”, “‘ਹਵਨ’ਦਾ ਕਾਵਿ ਜ਼ਾਵੀਆਂ(ਸੁਰਿੰਦਰ ਸੀਹਰਾ)’” :ਦਰਸ਼ਨ ਬੁਲੰਦਵੀ ਦਾ ਕਾਵਿ ਸਫਰ, ‘ਸਮਕਾਲੀ ਬਰਤਾਨਵੀ ਕਾਵਿ’, ‘ਪੰਜਾਬੀ ਨਾਰੀ ਕਾਵਿ’ , ‘ਹਰਬਖ਼ਸ ਮਕਸੂਦਪੁਰੀ ਦਾ ਕਾਵਿ’ ਆਦਿ ਵਿੱਚ ਡਾ.ਦਵਿੰਦਰ ਕਾਵਿ ਰਚਨਾਵਾਂ ਦੇ ਅਧਿਐਨ ਤੋਂ ਪਹਿਲਾਂ ਸਿਧਾਂਤਕ ਵਿਚਾਰ ਪੇਸ਼ ਕਰਦੀ ਹੈ।

- ਪੰਨਾ ਨੰ.91 ਤੇ ‘ਹਵਨ’ਇਕ ਅਜਿਹਾ ਧਾਰਮਿਕ ਵਿਹਾਰ-ਕੋਡ ਹੈ,ਜਿਸ ਦੀ ਵਿਹਾਰ ਪ੍ਰਕਿਰਿਆ ਵਿਚ ਆਤਮ-ਸ਼ੁੱਧੀ ਅੰਤਮ ਬਿੰਦੂ ਬਣਦੀ ਹੈ *‘ਹਵਨ’ ਦਾ ਕਾਵਿ ਜ਼ਾਵੀਆ , *ਪਿੰਡ ਵਲੋਂ ਬ੍ਰਹਿਮੰਡ ਨੂੰ ਅਰਪਿਤ ਆਭਾਰ ਹੈ।*

- “ਇੰਦ੍ਰ  ਇੰਦ੍ਰਾਇ ਨਾ ਮਮ” ਅਰਥਾਤ ਇਹ ਇੰਦਰ ਲਈ ਹੈ,ਮੇਰੇ ਲਈ ਨਹੀਂ ਹੈ।ਸੁਰਿੰਦਰ ਸੀਹਰਾ ਵੀ ਸਮਰਪਣ ਵਾਲੇ ਪੰਨੇ (ਪੰਨਾ–92) ਤੇ ਕੁਝ ਇਦਾਂ ਲਿਖਦਾ ਹੈ :–

  “ਮੇਰੇ ਲਿਖਣ ਦੀ ਦਾਸਤਾ ਇਸ ਤਰਾਂ ਹੈ,

  ਇਹ ਬਹੁਤੀ ਆਹੂਤੀ ਤੇ ਥੋੜਾ ਹਵਨ ਹੈ। ”

- “ਇਹ ਜ਼ਿੰਦਗੀ ਸਿਵਾਲਿਕ,ਬਲਦੇ ਹਾਂ ਨਗਨ ਅੰਦਰ,
  ਤੇ ਭਸਮ ਹੋ ਰਹੇ ਹਾਂ,ਸਭ ਏਸ ਅੰਦਰ।”

(ਹਵਨ,ਪੰਨਾ-28)

- ਇਥੇ ਹਵਨ ਜਾਤੀ ਕਾਰਜ ਨਹੀਂ ,ਇਸ ਵਿਚ ਸਮੁੱਚੀ ਜਿੰਦਗੀ ਸ਼ਾਮਿਲ ਹੈ।ਜਿਸ ਰਾਹੀਂ ਕਈ ਵਾਰੀ ਅਨੁਚਿਤ ਦੁਹਰਾਓ ਦਾ ਸ਼ਿਕਾਰ ਹੁੰਦੀ ਹੈ।ਪੁਸਤਕ ਵਿਚਲਾ ਅਧਿਐਨ ਪ੍ਰਸਤੁਤ ਕਰਦੀ ਹੋਈ ਲੇਖਕ ਦੀ ਦ੍ਰਿਸ਼ਟੀ ਨੂੰ ਪੇਸ਼ ਕਰਦੀ ਹੈ ਪਰੰਤੂ ਪਾਠਕ ਨੂੰ ਸਹਾਇਕ ਸੰਦ ਵਜੋਂ ਵਰਤਦੀ ਹੈ,ਇਸ ਤਰਾਂ ਸਮੇਂ ਦੇ ਨਾਲ-ਨਾਲ ਡਾ. ਦਵਿੰਦਰ ਕੌਰ ਦੀ ਵਿਹਾਰਕ ਸਮੀਖਿਆ ਵਿੱਚ ਬਦਲਾਵ ਨਜ਼ਰ ਆਉਂਦੇ ਹਨ।

- ਉਹ ਸੁਹਜ ਦੇ ਨਾਲ-ਨਾਲ ਸਮਾਜਿਕ ਯਥਾਰਥ,ਰਾਜਨੀਤੀ,ਇਤਿਹਾਸ ਨਾਲ ਜੁੜੀਆਂ ਰਚਨਾਵਾਂ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਉਂਦੀ ਹੈ। ਉਹ ਰਚਨਾਵਾਂ ਵਿਚਲੇ ਸਮਾਜਿਕ ਯਥਾਰਥ ਅਤੇ ਰਾਜਨੀਤਿਕ ਸਿਸਟਮ ਵਿਚਲੀਆਂ ਚਾਲਾਂ,ਜ਼ੁਲਮਾਂ ਭਿਸ਼ਟਾਚਾਰ ਆਦਿ ਨੂੰ ਸਾਹਮਣੇ ਲਿਆਉਣ ਦਾ ਯਤਨ ਕਰਦੀ ਹੈ,ਜੋ ਕਿ ਰਚਨਾਵਾਂ ਦੇ ਵੇਰਵਿਆਂ ਵਿਚਲੀ ਖਾਮੋਸ਼ੀ ਵਿੱਚ ਲੁਕਵੇਂ ਰੂਪ ਵਿੱਚ ਪੇਸ਼ ਹੋਇਆ ਹੈ।

- ਵਿਸ਼ੇਸ਼ਤਾ ਇਹ ਹੈ ਕਿ ਕਵੀ ਤੇ ਪਾਠਕ ਦੇ ਨੁਕਤੇ ਤੋਂ ਰਚਨਾ ਨੂੰ ਗ੍ਰਹਿਣ ਕਰਦੀ ਹੈ।ਉਹ ਪਾਠਕ ਪ੍ਰਭਾਵ ਨੂੰ ਵੀ ਅਧਿਐਨ ਦਾ ਮਰਕਜ਼ ਬਣਾਉਦੀ ਹੈ,ਪਰ ਉਸ ਦਾ ਇਸ਼ਾਰਾ ਇਕ ਚੇਤੰਨ ਪਾਠਕ ਵਲ ਹੈ ਆਪਣੀ ਇਕਾਲਕੀ ਵਿਧੀ ਨੂੰ ਪਾਠ ਕੇਂਦਰਿਤ ਰੱਖਦੀ ਹੋਈ ਉਹ ਰਚਨਾਵਾਂ ਦਾ ਨਿਕਟ ਅਧਿਐਨ ਪ੍ਰਸਤੁਤ ਕਰਦੀ ਹੈ ।ਇਵੇਂ ਕਰਦਿਆਂ ਕੋਲਾਜ ਦੇ ਅੰਦਰ ਇਕ ਹੋਰ ਕੋਲਾਜ ਉਸਾਰਦੀ ਵੰਨ ਸੁਵੰਨੇ ਰੰਗਾਂ ਰੂਪੀ ਵਿਚਾਰਾਂ ਨੂੰ ਪਾਠਕਾਂ ਨਾਲ ਸਾਂਝਾ ਕਰਦੀ ਹੈ ।ਇਹ ਤੁਲਨਾ ਜਾਂ ਤਾਂ ਗੁਰਬਾਣੀ ਦੀਆਂ ਤੁਕਾਂ ਨਾਲ ਜਾਂ ਫਿਰ ਕਿਸੇ ਕਵੀ ਦੀ ਕਵਿਤਾ ਨਾਲ ਕੀਤੀ ਜਾਂਦੀ ਹੈ।

- ਆਪਣੀ ਕਹੀ ਹੋਈ ਗੱਲ ਨੂੰ ਹੋਰ ਵਧੇਰੇ ਸਪੱਸ਼ਟ ਕਰਨ ਲਈ ਉਹ ਕਈ ਥਾਂਈ ਸਭਿਆਚਾਰ ,ਸੰਸਕ੍ਰਿਤੀ ,ਵਿੱਚੋਂ ਵੀ ਹਵਾਲੇ ਦਿੰਦੀ ਹੈ ਜੋ ਉਸ ਦੇ ਵਿਸ਼ਾਲ ਗਿਆਨ ਦੀ ਤਰਜਮਾਨੀ ਕਰਦੇ ਹਨ।ਅਜਿਹਾ ਸਭ ਕਰਦਿਆਂ ਉਹ ਸਾਹਿਤਕ ਕੋਲਾਜ ਸਾਰੇ
ਰੰਗਾਂ ਵਿੱਚ ਪੂਰੇ ਮਾਪਤੋਲ ਨਾਲ ਸ਼ਬਦਾਂ ਦੀ ਵਰਤੋਂ ਕਰਦੀ ਹੈ।ਨਿਖੇੜਾ ਵੀ ਸਪੱਸ਼ਟ ਕਰਦੀ ਹੈ।ਇਹ ਨਿਸ਼ਚਿਤ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਉਹ ਲੇਖਕ ਦੇ ਦ੍ਰਿਸ਼ਟੀਕੌਣ ਨੂੰ ਨਾਲ ਲੈ ਕੇ ਚਲਦੀ ਹੈ।

- ਪੰਜਾਬੀ ਕਵਿਤਾ ਦੇ ਨਾਲ-ਨਾਲ ਡਾ. ਦਵਿੰਦਰ ਨੇ ਪਰਵਾਸੀ ਪੰਜਾਬੀ ਕਵਿਤਾ ਵਿਚਲੀਆਂ ਸਮੱਸਿਆਵਾਂ ਨੂੰ ਵੀ ਉਘਾੜਨ ਦਾ ਯਤਨ ਕੀਤਾ ਹੈ।

- ਕਵਿਤਾਵਾਂ ਦਾ ਅਧਿਐਨ ਕਰਦਿਆਂ ਡਾ. ਦਵਿੰਦਰ ਕਵਿਤਾਵਾਂ ਦੀ ਸਮੁੱਚੀ ਰਚਨਾਂ-ਦ੍ਰਿਸ਼ਟੀ ਨੂੰ ਪਕੜਨ ਦੀ ਕੋਸ਼ਿਸ਼ ਕਰਦੀ ਹੈ ਜਿਵੇਂ ਇੱਕ ਕਵਿਤਾ ਵਿੱਚ ਪੇਸ਼ ਹੋਏ ਪ੍ਰਤੀਕ ਪ੍ਰਬੰਧ ਵਿੱਚੋਂ ਸਭਿਆਚਾਰਕ ਪ੍ਰਤਿਮਾਨਾਂ ਨੂੰ ਪਛਾਨਣ ਦਾ ਯਤਨ ਕਰਨਾਂ ,ਕਵਿਤਾ ਵਿਚਲੇ ਪ੍ਰਵਚਨ ਨੂੰਕਾਵਿ ਪ੍ਰਵਚਨ ਦੇ ਰੂਪ ਵਿੱਚ ਗ੍ਰਹਿਣ ਕਰਨਾਂ ਤੇ ਨਾਲ-ਨਾਲ ਭਾਸ਼ਾ ਵਿਗਿਆਨਕ ਮਾਡਲਾਂ ਉਪਰ ਆਧਾਰਿਤ ਵਿਸ਼ਲੇਸ਼ਣ ਪ੍ਰਸਤੁਤ ਕਰਨਾ ,ਕਵਿਤਾ ਵਿੱਚ ਪੇਸ਼ ਮਕਾਨਕੀ ਜੁਗਤਾਂ ਜਿਵੇਂ ਬਿੰਬ ਰੂਪਕ,ਅਲੰਕਾਰ,ਕਲਪਨਾ ,ਵਿਰੋਧਾਭਾਸ ਦੀ ਜੁਗਤ ,ਪਿੱਛਲਝਾਤ ਦੀ ਵਿਧੀ ,ਲੁਕਾਓ ਵਿਧੀ ਆਦਿ ਨੂੰ ਪਕੜਨਾ।ਕਵਿਤਾ ਵਿਚਲੇ ਤਣਾਓ ਨੂੰ ਇੱਕ ਵਿਧੀ ਵਜੋਂ ਵਰਤਦੀ ਹੋਈ ਦੋ ਧਿਰਾਂ ਦੇ ਆਪਸੀ ਤਣਾਓ ਵਿਚਲੀ ਸਥਿਤੀ ਨੂੰ ਪੇਸ਼ ਕਰਦੀ ਹੈ।

- ਸ਼ਬਦ ਅਤੇ ਅਰਥ ਨੂੰ ਰੂਪ ਅਤੇ ਵਸਤੂ ਦੀ ਦਵੈਤ ਵਿੱਚ ਗ੍ਰਹਿਣ ਕਰਦੀ ਹੈ।ਕਿਤੇ-ਕਿਤੇ ਪੱਛਮੀ ਚਿੰਤਕਾਂ ਦੇ ਹਵਾਲੇ,ਸਿਧਾਂਤ ਦੀ ਵਰਤੋਂ ਵੀ ਨਜ਼ਰੀ ਪੈਂਦੀ ਹੈ।

- ਡਾ.ਦਵਿੰਦਰ ਦੀ ਅਧਿਐਨ ਵਿਧੀ ਬਹੁਰੰਗੀ ਅਧਿਐਨ ਵਿਧੀ ਹੈ।

-  ਸੰਤ ਸਿੰਘ ਸੇਖੋਂ ਦੀ ਤਰਾਂ ਵਿਸ਼ਾ ਪੱਖ ਤੇ ਰੂਪਕ ਪੱਖ ਨੂੰ ਵੱਖਰਾ-ਵੱਖਰਾ ਕਰਕੇ ਵਾਚਦੀ ਹੈ,ਪਹਿਲਾ ਰਚਨਾ ਵਿਚਲੇ ਵਸਤੂ ਤੇ ਫਿਰ ਰੂਪਕ ਪੱਖ ਨੂੰ ਵਿਚਾਰਦੀ ਹੈ।ਫਿਰ ਬਣਤਰ ਬਾਰੇ ਨੁਕਤੇ ਪੇਸ਼ ਕਰਦੀ ਹੈ।ਰਚਨਾਵਾਂ ਦੇ ਆਰੰਭ ਵਿੱਚ ਉਹ ਆਪ ਸ਼ਾਇਰ ਨਾਲ ਸੰਖੇਪ ਜਾਣ-ਪਛਾਣ ਕਰਵਾਉਂਦੀ ਹੈ।ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈਕਿ ਉਹ ਪਾਠਕ ਨੂੰ ਆਪਣੇ ਪ੍ਰਭਾਵ ਅਧੀਨ ਲਿਆਉਣਾ ਚਾਹੁੰਦੀ ਹੈ।

- “ਬਸ ਏਦਾਂ ਦਾ ਹੀ ਹਰਜੀਤ” ਵਿੱਚ ਲੇਖਿਕਾ ਲਿਖਦੀ ਹੈ ਕਿ,

  “ਹਾਥੀ ਦੀ ਮਸਤ ਚਾਲ ਤੁਰਦਾ,ਮਨ ਵਿਚ ਕਈ ਕਹਾਣੀਆਂ ਡਰਾਇਵ ਕਰਦਾ ਰਹਿੰਦਾ, ਹੱਥ ਵਿਚ 24 ਘੰਟੇ ਮੋਬਾਈਲ ਫੜੀ ਰੱਖਦਾ, ਮੋਬਾਈਲ ਦੀ ਸਕਰੀਨ ਤੇ ਉਂਗਲਾਂ ਫੇਰਦਾ, ਦੁਨੀਆਂ ਭਰ ਦੀਆਂ ਖਬਰਾਂ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੰਦਾ। ”

- ਅਜਿਹਾ ਕਰਦਿਆਂ ਕਈ ਵਾਰ ਉਹ ਕਵੀ/ਲੇਖਕ ਦੀ ਨਿੱਜੀ ਜਿੰਦਗੀ ਵਿੱਚ ਝਾਕਣ ਦੇ ਆਹਰ ਵਿੱਚ ਪੈ ਜਾਂਦੀ ਹੈ ।ਪ੍ਰੋ.ਮਨਜੀਤ ਵੀ ਸਵਾਗਤੀ ਸ਼ਬਦਾਂ ਵਿੱਚ ਅਜਿਹਾ ਕਰਦੇ ਨਜ਼ਰ ਆਉਂਦੇ ਹਨ। ਕੁਲ ਮਿਲਾ ਕੇ ਡਾ.ਦਵਿੰਦਰ ਦਾ ਅਧਿਐਨ ਰੂਪਵਾਦ ਤੋਂ ਹੁੰਦਾ ਹੋਇਆ ਸੰਰਚਨਾਵਾਦ ਅਤੇ ਉੱਤਰ-ਸੰਰਚਨਾਵਾਦ ਤਕ ਦਾ ਸਫ਼ਰ ਤੈਅ ਕਰਦੀ ਹੈ।

- ਇਸ ਤਰਾਂ ਡਾ. ਦਵਿੰਦਰ ਕੌਰ ਦਾ ਸ਼ੁਮਾਰ ਰੂਪਵਾਦੀ ਸੰਰਚਨਾਵਾਦੀ ਚਿੰਤਕਾਂ ਵਿੱਚ ਕੀਤਾ ਜਾਂਦਾ ਹੈ ਉਸਨੇ ਵਿਹਾਰਕ ਸਮੀਖਿਆ ਦੇ ਖੇਤਰ ਵਿੱਚ ਪਛਾਨਣਯੋਗ ਹਸਤਾਖਰ ਕਾਇਮ ਕੀਤਾ ਹੈ।

- ਡਾ.ਹਰਿਭਜਨ ਸਿੰਘ ਭਾਟੀਆ ਨੇ ਡਾ. ਦਵਿੰਦਰ ਕੌਰ ਦੇ ਕਾਰਜ ਨੂੰ "ਮਾਡਲ ਚੇਤਨਾਂ ਅਤੇ ਮਾਡਲ ਰਚਨਾਂ ਦੇ ਖੇਤਰ ਵਿੱਚ ਹੁਣ ਤੱਕ ਹੋਏ ਕੰਮ ਦੀ ਟੀਸੀ ਦਾ ਨਾਂ ਦਿੱਤਾ ਹੈ। "(

- ਪਰਵਾਸੀ ਲੇਖਕ ਹੋਣ ਦੇ ਨਾਤੇ ਇੱਕ ਸਵਾਲ:ਕੀ ਪਰਵਾਸੀ ਸਾਹਿਤ ਲਿਖਤੀ ਰੂਪ ਅਗਲੀ ਪੀੜੀ ਅੱਗੇ ਲੈ ਕੇ ਜਾਵੇਗੀ ਇਸ ਪ੍ਰਤੀ ਇਥੋਂ ਦੇ ਲੇਖਕ ਸਾਹਿਤਕਾਰ,ਸੰਸਥਾਵਾਂ ਕੀ ਉਸਾਰੂ ਯਤਨ ਕਰ ਰਹੀਆਂ ਹਨ-ਇਸ ਤੇ ਜਰੂਰ ਵਿਚਾਰ ਕੀਤੀ ਜਾਵੇ।ਮੇਰੀ ਜਾਚੇ ਜੇ ਅਸੀਂ ਭਵਿੱਖ ਵਿੱਚ ਕੁਝ ਵੀ ਵਧੀਆ ਉਪਰਾਲਾ ਨਹੀਂ ਕਰਦੇ ਤਾਂ ਅਸੀ ਆਪ ਹੀ ਖੜੋਤ ਦੀ ਸਥਿਤੀ ਵਿੱਚ ਹਾਂ।ਯਾਦ ਰੱਖਣ ਦੀ ਲੋੜ ਹੈ ਕਿ ਜੇ ਮਹਾਰਾਜਾ ਰਣਜੀਤ ਸਿੰਘ ਨੇ ਯੋਗ ਸ਼ਾਸਕ ਅੱਗੇ ਵਾਸਤੇ ਤਿਆਰ ਕੀਤੇ ਹੁੰਦੇ ਤਾਂ ਸਾਡਾ ਸੁਨਹਿਰੀ ਇਤਿਹਾਸ ਸੁਨਹਿਰੀ ਹੀ ਰਹਿਣਾ ਸੀ । ਸਾਹਿਤਕ ਕੋਲਾਜ ਉਹਨਾ ਚਿਰ ਅਧੂਰਾ ਹੈ ਜਿਨਾ ਚਿਰ ਇਸ ਵਿੱਚ ਨਵੀਂ ਪੀੜ੍ਹੀ ਦੀ ਸਮੂਲੀਅੱਤ ਨਹੀਂ ਹੋ ਜਾਂਦੀ।

- ਸਾਹਿਤਕ ਕੋਲਾਜ ਤੋਂ ਭਾਵ ਹੈ ਉਹ ਪ੍ਰਭਾਵ ਚਿੱਤਰ ਜਿਹੜਾ ਵੱਖ-ਵੱਖ ਲਿਖਤਾਂ ਸ਼ਬਦਾਂ,ਰੰਗਾਂ ਜਾਂ ਭਾਵਨਾਂਵਾ ਦਾ ਸੁਮੇਲ ਬਣੇ।ਉਸ ਵਿੱਚ ਇਕ ਪ੍ਰਭਾਵ ਚਿੱਤਰ ਉਸਾਰਨਾ ਚਾਹੀਦਾ ਹੈ।

- ਡਾ.ਦਵਿੰਦਰ ਕੌਰ ਨੇ ਸਾਹਿਤਕ ਕੋਲਾਜ ਹੀ ਨਹੀ ਬਣਾਇਆ ਸਗੋਂ ਇੱਕ ਪ੍ਰਭਾਵਸ਼ਾਲੀ ਗਿਆਨ ਵਰਧਕ ਪ੍ਰਭਾਵੀ ਕੋਲਾਜ ਬਣਾਇਆ ਹੈ।